# **ਪ੍ਰੈਸ ਨੋਟ**

ਮਿਤੀ 02.06.2022

## **ਹੁਸ਼ਿਆਰਪੁਰ ਪੁਲਿਸ ਵੱਲੋਂ 7920 ਨਸ਼ੀਲੇ ਕੈਪਸੂਲ ਬ੍ਰਾਮਦ**

ਮਾਨਯੋਗ ਸੀਨੀਅਰ ਪੁਲਿਸ ਕਪਤਾਨ, ਹੁਸ਼ਿਆਰਪੁਰ ਜੀ ਦੇ ਦਿਸ਼ਾ ਨਿਰਦੇਸ਼ਾਂ ਪਰ ਹੁਸ਼ਿਆਰਪੁਰ ਏਰੀਆ ਵਿੱਚ ਨਸ਼ਾ ਸਪਲਾਈ ਕਰਨ ਵਾਲੇ ਵਿਅਕਤੀਆਂ ਨੂੰ ਨੱਥ ਪਾਉਣ ਲਈ ਸ੍ਰੀ ਮੁੱਖਤਿਆਰ ਰਾਏ (P.P.S) ਪੁਲਿਸ ਕਪਤਾਨ ਤਫਤੀਸ਼ ਹੁਸ਼ਿਆਰਪੁਰ ਦੀ ਨਿਗਰਾਨੀ ਹੇਠ ਸ੍ਰੀ ਸਰਬਜੀਤ ਰਾਏ (P.P.S) ਉਪ-ਪੁਲਿਸ ਕਪਤਾਨ ਤਫਤੀਸ਼ ਹੁਸ਼ਿਆਰਪੁਰ ਅਤੇ ਇੰਚਾਰਜ਼ ਸੀ.ਆਈ.ਏ ਇੰਸਪੈਕਟਰ ਬਲਵਿੰਦਰ ਪਾਲ ਦੇ ਅਧੀਨ ਵਿਸ਼ੇਸ ਟੀਮ ਵੱਲੋਂ 7920 ਨਸ਼ਲ਼ੇ ਕੈਪਸੂਲ ਬ੍ਰਾਮਦ ਕਰਨ ਵਿੱਚ ਸਫਲਤਾ ਹਾਸਲ ਕੀਤੀ ਹੈ।

ਸੀਨੀਅਰ ਪੁਲਿਸ ਕਪਤਾਨ, ਹੁਸ਼ਿਆਰਪੁਰ ਵਲੋਂ ਪ੍ਰੈਸ ਨੂੰ ਪ੍ਰੈੱਸ ਨੋਟ ਜਾਰੀ ਕਰਦੇ ਹੋਏ ਦੱਸਿਆ ਕਿ ਮਿਤੀ 01-06-2022 ਨੂੰ ਇੰਚਾਰਜ਼ ਸੀ.ਆਈ.ਏ ਸਟਾਫ ਦੀ ਟੀਮ ਜਿਸ ਵਿੱਚ ਏ.ਐਸ.ਆਈ. ਰਵਿੰਦਰ ਨਾਥ ਨੇ ਸਮੇਤ ਪੁਲਿਸ ਪਾਰਟੀ ਮੁਹੱਲਾ ਭੀਮ ਨਗਰ ਤੋਂ ਨਸ਼ੀਲੇ ਕੈਪਸੂਲ ਸਪਲਾਈ ਕਰਨ ਵਾਲੇ ਸਮਗਲਰ ਵਿਨੇ ਕੁਮਾਰ ਪੁੱਤਰ ਬ੍ਰਹਮਦੇਵ ਮੰਡਲ ਵਾਸੀ ਭੀਮ ਨਗਰ ਥਾਣਾ ਮਾਡਲ ਟਾਊਨ ਹੁਸ਼ਿਆਰਪੁਰ ਨੂੰ ਗ੍ਰਿਫਤਾਰ ਕਰਕੇ ਉਸ ਪਾਸੋਂ 7920 ਨਸ਼ੀਲੇ ਕੈਪਸੂਲ ਬ੍ਰਾਮਦ ਕਰਕੇ ਦੋਸ਼ੀ ਦੇ ਖਿਲਾਫ ਮੁੱਕਦਮਾ ਨੰਬਰ 137 ਮਿਤੀ 01-6-2022 ਅ.ਧ. 22-61-85 ND&PS Act ਥਾਣਾ ਮਾਡਲ ਟਾਊਨ ਹੁਸ਼ਿਆਰਪੁਰ ਦਰਜ ਕਰਵਾਇਆ। ਦੋਸ਼ੀ ਪਾਸੋਂ ਪੁੱਛ ਗਿੱਛ ਜਾਰੀ ਹੈ ਜਿਸਨੂੰ ਅੱਜ ਪੇਸ਼ ਅਦਾਲਤ ਕੀਤਾ ਜਾਣਾ ਹੈ।

**ਬ੍ਰਾਮਦਗੀ:-** 7920 ਨਸ਼ੀਲੇ ਕੈਪਸੂਲ

**ਗ੍ਰਿਫਤਾਰ ਦੋਸ਼ੀ**

ਵਿਨੇ ਕੁਮਾਰ ਪੁੱਤਰ ਬ੍ਰਹਮਦੇਵ ਮੰਡਲ ਵਾਸੀ ਭੀਮ ਨਗਰ ਥਾਣਾ ਮਾਡਲ ਟਾਊਨ ਹੁਸ਼ਿਆਰਪੁਰ